


. ਮਾਧੋ ਅਬਿਦਿਆ ਹਿਤ ਕੀਨ॥

. ਬਿਬੇਕ ਦੀਪ ਮਲੀਨ॥ ਰਵੀਦਾਸ ਜੀ॥ . . ਪੰਨਾ 486॥

. ਮਾਧੋ :- ਕਾਦਰ, ਕਰਤਾ-ਕਰਤਾਰ, ਅਕਾਲ-ਪੁਰਖ, ਪ੍ਰਭੂ, ਪ੍ਰਮੇਸ਼ਰ, ਰਾਮ, ਵਾਹਿਗੁਰੂ, ਮਾਧੋ, ਮਾਧਵ, ਅੱਲਾ, ਖ਼ੁਦਾ। (ਸਾਰੇ ਕਿਰਤਮ ਨਾਮ)।

"ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥ ਮ5॥ 1082॥"

. (ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥)।

. ਅਬਿਦਿਆ:- {ਅਵਿਦਿਆ}. . ਸੁਚੱਜੀ/ਚੰਗੀ 'ਸਚਿਆਰਤਾ' ਵਾਲੀ,

. ਇਨਸਾਨੀਅਤ ਭਰੀ, . . ਨਿਜ਼ ਨੂੰ/ਆਪਣੇ ਆਪ ਨੂੰ

.'ਅਕਲ-ਗਿਆਨ-ਮੱਤ-ਬੁੱਧ' ਦੇਣ ਵਾਲੀ ਪੜ੍ਹਾਈ/ਗਿਆਨ ਤੋਂ:

*** ਉੱਲਟ. . ਹੱਟ ਕੇ, . . ਪਰ੍ਹਾਂ

. ਇਨਸਾਨੀਅਤ/ਮਨੁੱਖਤਾ, . . ਦਾ ਘਾਣ ਕਰਨ ਵਾਲੀ,

. ਆਪਣੇ ਨਿਜ਼ ਦਾ ਨੁਕਸਾਨ ਕਰਨ ਵਾਲੀ,

. ਸਮਾਜ ਵਿੱਚ ਲੜਾਈ ਕਲਹ-ਕਲੇਸ਼ ਕਰਨ ਕਰਾਉਣ ਵਾਲੀ,

. ਭਲਿਆਈ ਨਾਲੋਂ ਬੁਰਿਆਈ ਨੂੰ ਪਹਿਲ ਦੇਣ ਵਾਲੀ,

. ਮਾੜੀ ਸੰਗਤ ਭਾਵ ਕੁਸੰਗਤ,

. ਭੈੜੀਆਂ ਆਦਤਾਂ. ਮਾੜੀਆਂ ਵਹਿਬਤਾਂ,

. ਵਾਲੀ ਪੜ੍ਹਾਈ ਪ੍ਰਾਪਤ ਕਰਨਾ, ਗ੍ਰਹਿਣ ਕਰਨਾ ਹੀ ਅਬਿਦਿਆ/ਅਵਿਦਿਆ

ਹੈ। ** ਅਨਪੜ੍ਹਤਾ, ਅਗਿਆਨਤਾ, ਮੂਰਖਪੁਣਾ, ਮੂਰਖਤਾਈ।

. ਹਿਤ:- ਮੋਹ, ਪਿਆਰ, ਲਈ, ਵਾਸਤੇ।

. ਕੀਨ:- ਕੀਤਾ, ਕਰਿਆ, ਕਰਨਾ, ਕਿਉਂ, ਕਿਵੇਂ, ਕਿਸ ਲਈ, ਕਿਉਂ ਨਾ।

. ਬਿਬੇਕ:- ਵਿਵੇਕ, ਗੁਰਮੱਤ-ਗਿਆਨ ਦੀ ਦ੍ਰਿੜਤਾ, ਸਿਆਣੱਪ, ਬੁੱਧੀ,

ਅਕਲਮੰਦੀ, ਤੱਤ ਗਿਆਨ, ਸੁੱਧ ਵਿਚਾਰ।

. ਦੀਪ:- (ਮਨੁੱਖੀ ਜੀਵਨ ਵਿੱਚ 'ਗਿਆਨ-ਅਕਲ-ਮੱਤ-ਬੁੱਧ'. ਰੂਪੀ ਦੀਵਾ)

. ਦੀਵਾ, ਲਾਲਟੇਣ,

. ਚਰਾਗ਼, ਪ੍ਰਕਾਸ਼ ਹੋਣਾ,

. ਚਮਕਣਾ।

. ਮਲੀਨ:- ਗੰਦਾ, ਮੈਲਾ, ਘਸਮੈਲਾ, ਧੁੰਧਲਾ (ਭਾਵ ਹਲਕਾ, ਮੱਧਮ),

. (ਪਲਇਊਟਡ, ਅਨ-ਕਲੀਨ, ਫਿਲਦੀ)।

### ਹੇ! ! ਅਕਾਲ-ਪੁਰਖ ਜੀ, ਮਾਧੋ, ਰਾਮ, ਮਾਧਵ ਜੀ:

. ਭੁੱਲੜ/ਅਗਿਆਨੀ ਮਨੁੱਖੀ ਜੀਵ ਦੀ, . . ਆਪਣੀ ਹਉਮੈਂ-ਹੰਕਾਰ ਵਿਚ

ਬਣਾਈ, 'ਮੱਤ/ਮਨ' ਦੇ ਪਿਛੇ ਚੱਲਣ ਕਰਕੇ, ਮਨੁੱਖ ਨੇ

'ਗਿਆਨ-ਸਿਆਣਪ-ਅਕਲ-ਮੱਤ-ਬੁੱਧ' ਦਾ ਪੱਲਾ ਛੱਡ ਦਿੱਤਾ ਹੈ।

. ਮਨੁੱਖ ਨੇ ਅਗਿਆਨਤਾ, ਅਨਪੜ੍ਹਤਾ ਦਾ ਪੱਲਾ ਫੜ ਲਿਆ ਹੈ,

ਭਾਵ, ਅਗਿਆਨਤਾ, ਮੂੜਮੱਤ, ਮੰਨਮੱਤ ਦੇ ਪ੍ਰਭਾਵ ਹੇਠ ਜਿਉਂ ਰਿਹਾ ਹੈ,

ਭਾਵ 'ਇਨਸਾਨੀਅਤ-ਨਿਯਮਾਂ' ਤੋਂ ਬਾਹਰਾ-ਬੇਮੁੱਖ ਹੋ ਗਿਆ ਹੈ,

ਬੇਨਿਯਮੀਆਂ ਕਰਨ ਲੱਗ ਪਿਆ ਹੈ।

. ਇਸ ਲਈ ਮਨੁੱਖ ਦਾ ਬਿਬੇਕ/ਵਿਵੇਕ (ਅਕਲ-ਗਿਆਨ) ਰੂਪੀ ਦੀਵੇ ਦਾ ਚਾਨਣ ਮੱਧਮ ਪੈ ਗਿਆ ਹੈ। (ਭਾਵ ਆਪਣੇ ਜੀਵਨ ਵਿੱਚ 'ਗਿਆਨ' ਦੀ ਬਜਾਏ 'ਅਗਿਆਨਤਾ' ਭਰੇ ਫੈਸਲੇ ਲੈਂਦਾ ਹੈ, ਕੰਮ ਕਰਦਾ ਹੈ) ਚਰਾਗ਼ ਦੀ ਰੌਸ਼ਨੀ ਹਲਕੀ ਹੋ ਗਈ ਹੈ। (ਲਾਲਟੇਣ ਦਾ ਸੀਸ਼ਾ ਕਾਲਾ ਹੋ ਗਿਆ ਹੈ।)




- . ਜਿਸ ਤਰਾਂ ਸਾਫ਼ ਸੀਸ਼ੇ ਵਾਲੀ ਲਾਲਟੈਣ ਦੀ ਰੌਸ਼ਨੀ/ਚਾਨਣ ਜਿਆਦਾ ਹੁੰਦਾ ਹੈ।
- ਧੂਏਂ ਨਾਲ ਕਾਲੇ/ਮਲੀਨ ਹੋਏ ਸੀਸ਼ੇ ਵਿੱਚ ਦੀ ਰੌਸ਼ਨੀ ਚਾਨਣ ਘੱਟ ਹੁੰਦਾ ਹੈ।
- ਲਾਲਟੈਣ ਵਿੱਚ ਮਲੀਨਤਾ ਬਾਹਰੋਂ ਨਹੀਂ ਆਈ। ਬਲਕਿ ਤੇਲ ਦੇ ਬਲਣ ਕਰਕੇ ਧੂਆਂ ਪੈਦਾ ਹੋਇਆ। ਧੂੰਏ ਨੇ ਹੋਲੀ ਹੋਲ਼ੀ ਲਾਲਟੈਣ ਦੇ ਸੀਸ਼ੇ ਨੂੰ ਮਲੀਨ ਕਰਨਾ ਕੀਤਾ।
- ਭਾਵ: ਮਨੁੱਖ ਦੇ ਆਪਣੀ ਅਬਿਦਿਆ-ਅਗਿਆਨਤਾ, ਹਉਮੈਂ-ਹੰਕਾਰ ਨੂੰ ਹਿੱਤ/ਪਿਆਰ ਕਰਨ ਦੇ ਕਾਰਨ, . . ਮਨੁੱਖ
- ਬਿਬੇਕਹੀਨ,
- ਬੁੱਧੀਹੀਨ,
- ਅਗਿਆਨੀ,
- ਮਲੀਨ,
- ਮੰਦਬੁੱਧੀ, ਬਣ ਗਿਆ ਹੈ।

- ਮਲੀਨਤਾ ਨਾਲ ਭਰ ਗਿਆ।
- ਉਸਦੇ ਬਿਬੇਕ/ਗਿਆਨ ਰੂਪੀ ਦੀਵੇ ਦਾ ਚਾਨਣ ਮੱਧਮ ਪੈ ਗਿਆ ਹੈ।

ਭਾਵ, ਆਪਣੀ ਅਗਿਆਨਤਾ, ਅਨਪੜ੍ਹਤਾ, ਅਬਿਦਿਆ/ਅਵਿਦਿਆ ਕਰਕੇ ਆਪਣੇ ਮਨੁੱਖਾ ਜੀਵਨ ਵਿੱਚ ਅਮਾਨਵੀ ਵਿਵਹਾਰ ਕਰਨਾ ਸੁਰੂ ਕਰ ਦੇਂਦਾ ਹੈ। ਅਵਿਦਿਆ ਕਰਕੇ, . . ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਦੁਰਵਰਤੋਂ ਕਰਨੀ ਸੁਰੂ ਕਰ ਦਿੱਤੀ।

## ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ ੧ੴ ਸਤਿਗੁਰ ਪ੍ਰਸਾਦਿ ॥

### ਮਾਧੋ ਅਬਿਦਿਆ ਹਿਤ ਕੀਨ॥ ਬਿਬੇਕ ਦੀਪ ਮਲੀਨ॥ 1॥ ਰਹਾਉ॥

ਮਾਧੋ— {ਮਾਧਵ} ਹੇ ਮਾਇਆ ਦੇ ਪਤੀ ਪ੍ਰਭੂ! ਅਬਿਦਿਆ—ਅਗਿਆਨਤਾ। ਹਿਤ—ਮੋਹ, ਪਿਆਰ। ਮਲੀਨ—ਮੈਲਾ, ਧੁੰਧਲਾ। 1. ਰਹਾਉ।

ਅਰਥ:- ਹੇ ਪ੍ਰਭੂ! ਜੀਵ ਅਗਿਆਨਤਾ ਨਾਲ ਪਿਆਰ ਕਰ ਰਹੇ ਹਨ; ਇਸ ਵਾਸਤੇ ਇਹਨਾਂ ਦੇ ਬਿਬੇਕ ਦਾ ਦੀਵਾ ਧੁੰਧਲਾ ਹੋ ਗਿਆ ਹੈ (ਭਾਵ, ਪਰਖ-ਹੀਣ ਹੋ ਰਹੇ ਹਨ, ਭਲੇ ਬੁਰੇ ਦੀ ਪਛਾਣ ਨਹੀਂ ਕਰਦੇ)। 1. ਰਹਾਉ।

### ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥ ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥ 1॥

ਪਦਅਰਥ:- ਮ੍ਰਿਗ—ਹਰਨ। ਮੀਨ—ਮੱਛੀ। ਭ੍ਰਿੰਗ—ਭੌਰਾ। ਪਤੰਗ—ਭੰਬਟ। ਕੁੰਚਰ—ਹਾਥੀ। ਦੋਖ—ਐਬ (ਹਰਨ ਨੂੰ ਘੰਡੇਹੇੜੇ ਦਾ ਨਾਦ ਸੁਣਨ ਦਾ ਰਸ; ਮੀਨ ਨੂੰ ਜੀਭ ਦਾ ਚਸਕਾ; ਭੌਰੇ ਨੂੰ ਫੁੱਲ ਸੁੰਘਣ ਦੀ ਬਾਣ; ਭੰਬਟ ਦਾ ਦੀਵੇ ਉੱਤੇ ਸੜ ਮਰਨਾ, ਅੱਖਾਂ ਨਾਲ ਵੇਖਣ ਦਾ ਚਸਕਾ; ਹਾਥੀ ਨੂੰ ਕਾਮ ਵਾਸ਼ਨਾ)। ਅਸਾਧ—ਜੋ ਵੱਸ ਵਿੱਚ ਨਾ ਆ ਸਕਣ। ਜਾ ਮਹਿ—ਜਿਸ (ਮਨੁੱਖ) ਵਿਚ। 1.

ਹਰਨ, ਮੱਛੀ, ਭੌਰਾ, ਭੰਬਟ, ਹਾਥੀ—ਇਕ ਇੱਕ ਐਬ ਦੇ ਕਾਰਨ ਇਹਨਾਂ ਦਾ ਨਾਸ ਹੋ ਜਾਂਦਾ ਹੈ, ਪਰ ਇਸ ਮਨੁੱਖ ਵਿੱਚ ਇਹ ਪੰਜੇ ਅਸਾਧ ਰੋਗ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਹਨ, ਇਸ ਦੇ ਬਚਣ ਦੀ ਕਦ ਤਕ ਆਸ ਹੋ ਸਕਦੀ ਹੈ?

### ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥ ਮਨੁੱਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥ 2॥

ਤ੍ਰਿਗਦ ਜੋਨਿ—ਉਹਨਾਂ ਜੂਨਾਂ ਦੇ ਜੀਵ ਜੋ ਵਿੰਗੇ ਹੋ ਕੇ ਤੁਰਦੇ ਹਨ, ਪਸ਼ੂ ਆਦਿਕ। ਅਚੇਤ—ਗ਼ਾਫ਼ਲ; ਰੱਬ ਵਲੋਂ ਗ਼ਾਫ਼ਲ, ਵਿਚਾਰ-ਹੀਣ। ਅਸੋਚ—ਸੋਚ-ਰਹਿਤ, ਬੇ-ਪਰਵਾਹ। ਸੰਭਵ—ਮੁਮਕਿਨ, ਕੁਦਰਤੀ। ਅਵਤਾਰ—ਜਨਮ। ਪੋਚ—ਨੀਚ। ਤਿਹੀ—ਇਸ ਦੀ ਭੀ। 2.

ਪਸ਼ੂ ਆਦਿਕ ਟੇਢੀਆਂ ਜੂਨਾਂ ਦੇ ਜੀਵ ਵਿਚਾਰ-ਹੀਨ ਹਨ, ਉਹਨਾਂ ਦਾ ਪਾਪ ਪੁੰਨ ਵਲੋਂ ਬੇ-ਪਰਵਾਹ ਰਹਿਣਾ ਕੁਦਰਤੀ ਹੈ; ਪਰ ਮਨੁੱਖ ਨੂੰ ਇਹ ਜਨਮ ਮੁਸ਼ਕਲ ਨਾਲ ਮਿਲਿਆ ਹੈ, ਇਸ ਦੀ ਸੰਗਤਿ ਭੀ ਨੀਚ ਵਿਕਾਰਾਂ ਨਾਲ ਹੀ ਹੈ (ਇਸ ਨੂੰ ਤਾਂ ਸੋਚ ਕਰਨੀ ਚਾਹੀਦੀ ਸੀ)। 2.

**ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥ ਕਾਲ ਫਾਸ ਅਬਧ ਲਾਗੇ ਕਛੁ ਨ ਚਲੈ ਉਪਾਇ॥ 3॥**

ਜਾਇ—ਜਨਮ ਲੈ ਕੇ, ਜੰਮ ਕੇ। ਅਬਧ—ਅ+ਬਧ, ਜੋ ਨਾਹ ਨਾਸ ਹੋ ਸਕੇ। ਉਪਾਇ—ਹੀਲਾ। 3.

ਕੀਤੇ ਕਰਮਾਂ ਦੇ ਅਧੀਨ ਜਨਮ ਲੈ ਕੇ ਜੀਵ ਜਿਥੇ ਜਿਥੇ ਭੀ ਹਨ, ਸਾਰੇ ਜੀਅ ਜੰਤਾਂ ਨੂੰ ਕਾਲ ਦੀ (ਆਤਮਕ ਮੌਤ ਦੀ) ਐਸੀ ਫਾਹੀ ਪਈ ਹੋਈ ਹੈ ਜੋ ਕੱਟੀ ਨਹੀਂ ਜਾ ਸਕਦੀ, ਇਹਨਾਂ ਦੀ ਕੁੱਝ ਪੇਸ਼ ਨਹੀਂ ਜਾਂਦੀ। 3.

**. ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ॥ ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ॥ 4॥ 1॥ 486॥**

ਨਿਦਾਨ—ਆਖ਼ਰ। ਉਦਾਸ—ਵਿਕਾਰਾਂ ਤੋਂ ਉਪਰਾਮ। 4.

ਹੇ ਰਵਿਦਾਸ! ਹੇ ਪ੍ਰਭੂ ਦੇ ਦਾਸ ਰਵਿਦਾਸ! ਤੂੰ ਤਾਂ ਵਿਕਾਰਾਂ ਦੇ ਮੋਹ ਵਿਚੋਂ ਨਿਕਲ; ਇਹ ਭਟਕਣਾ ਛੱਡ ਦੇਹ, ਸਤਿਗੁਰੂ ਦਾ ਗਿਆਨ ਕਮਾ, ਇਹੀ ਤਪਾਂ ਦਾ ਤਪ ਹੈ। ਭਗਤ ਜਨਾਂ ਦੇ ਭੈ ਦੂਰ ਕਰਨ ਵਾਲੇ ਹੇ ਪ੍ਰਭੂ! ਆਖ਼ਰ ਮੈਨੂੰ ਰਵਿਦਾਸ ਨੂੰ ਭੀ (ਆਪਣੇ ਪਿਆਰ ਦਾ) ਪਰਮ ਅਨੰਦ ਬਖ਼ਸ਼ੋ (ਮੈਂ ਤੇਰੀ ਸਰਨ ਆਇਆ ਹਾਂ)। 4. 1.

ਭਾਵ:- ਇੱਕ ਵਿਕਾਰ ਨਹੀਂ ਮਾਣ; ਮਨੁੱਖ ਨੂੰ ਤਾਂ ਪੰਜੇ ਹੀ ਚੰਬੜੇ ਹੋਏ ਹਨ। ਆਪਣੇ ਉੱਦਮ ਨਾਲ ਮਨੁੱਖ ਆਪਣੀ ਸਮਝ ਦਾ ਦੀਵਾ ਸਾਫ਼ ਨਹੀਂ ਰੱਖ ਸਕਦਾ। ਪ੍ਰਭੂ ਦੀ ਸਰਨ ਪਿਆਂ ਹੀ ਵਿਕਾਰਾਂ ਤੋਂ ਬੱਚ ਸਕਦਾ ਹੈ। (ਟੀਕਾ, ਪ੍ਰੋ. ਸਾਹਿਬ ਸਿੰਘ ਜੀ,)

## . ਸਬਦ ਸਾਰ:-

**. ਬਾਬਾ ਰਵੀਦਾਸ ਜੀ ਇਸ ਸਬਦ ਵਿਚ:** ਹਰਨ, ਮੱਛੀ, ਭੌਰਾ, ਭੰਬਟ, ਹਾਥੀ, ਤ੍ਰਿਗਦ ਜੋਨਿ ਦੀਆਂ ਉਦਾਹਰਨਾਂ ਦੇ ਮਨੁੱਖ ਨੂੰ ਸਮਝਾਉਣਾ ਕਰ ਰਹੇ ਹਨ, ਇਹ ਸਾਰੇ ਜੀਵ ਆਪਣੇ ਇੱਕ ਐਬ ਦੇ ਕਾਰਨ, ਆਪਣਾ ਜੀਵਨ ਤਬਾਹ ਕਰ ਲੈਂਦੇ ਹਨ।

. ਪਰ ਐ! ! ਮਨੁੱਖ ਤੇਰੇ ਅੰਦਰ ਤਾਂ ਪੰਜ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਹਨ। ਤੂੰ ਇਹਨਾਂ ਪੰਜਾਂ ਤੋਂ ਕਿਵੇਂ ਆਪਣਾ ਬਚਾਅ ਕਰੇਂਗਾ? ? ? ?

. ਤੈਨੂੰ ਇਹ ਅਨਮੋਲ ਮਨੁੱਖਾ ਜਨਮ ਮਿਲਿਆ ਹੈ। ਇਸ ਦਾ ਲਾਹਾ ਲੈਣਾ ਕਰ। ਸੱਤ ਸੰਗਤ ਕਰਨਾ ਕਰ।

. ਮਿਲੁ ਜਗਦੀਸ ਮਿਲਨ ਕੀ ਬਰੀਆ॥

. ਚਿਰੰਕਾਲ ਇਹ ਦੇਹ ਸੰਜਰੀਆ॥ ਰਹਾਉ॥ ਮ5॥ 176॥

. ਭਈ ਪਰਾਪਤਿ ਮਾਨੁਖ ਦੇਹੁਰੀਆ॥

. ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

. ਅਵਰਿ ਕਾਜ ਤੇਰੈ ਕਿਤੇ ਨ ਕਾਮ॥

. ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਮ5॥ 12॥

. ਚੰਗੀ ਸੰਗਤ ਦਾ ਮਨੁੱਖ ਉੱਪਰ ਚੰਗਾ ਅਸਰ ਪੈਂਦਾ ਹੈ। ਮਾੜੀ ਸੰਗਤ ਦਾ ਮਨੁੱਖ ਉੱਪਰ ਮਾੜਾ ਪ੍ਰਭਾਵ ਪੈਂਦਾ ਹੈ। ਸੰਗਤ ਦੇ ਅਨੁਸਾਰੀ ਮਨੁੱਖ ਦੇ ਵਿਚਾਰ ਬਣਦੇ ਹਨ। ਬਣੇ ਵਿਚਾਰਾਂ ਦੇ ਅਨੁਸਾਰ ਹੀ ਮਨੁੱਖ ਕਰਮ ਕਰਦਾ ਹੈ ਭਾਵ ਜੀਵਨ ਜਿਉਂਣਾ ਕਰਦਾ ਹੈ।

. ਮਨ, ਬਚਨ, ਕਰਮ।

. ਮਨੁੱਖ ਆਪਣੀ ਬਣੀ ਸੋਚ-ਵਿਚਾਰ ਦੇ ਅਨੁਸਾਰ ਹੀ ਕਰਮ ਕਰਦਾ ਹੈ, ਜੀਵਨ ਦੇ ਦੁੱਖ-ਸੁੱਖ ਭੋਗਦਾ ਰਹਿੰਦਾ ਹੈ।

. ਬਾਬਾ ਰਵੀਦਾਸ ਜੀ! ਮਨੁੱਖ ਨੂੰ ਸੁਚੱਜਾ ਰਾਹ ਵਿਖਾਉਂਦੇ ਫੁਰਮਾਅ ਰਹੇ ਹਨ, ਕਿ ਗੁਰੂ ਤੋਂ ਲਿਆ ਸੱਚਾ ਗਿਆਨ ਹੀ ਸਾਰਿਆਂ ਤਪਾਂ ਦਾ ਸਿਰਮੌਰ ਤਪ ਹੈ।

. ਗਿਆਨ ਨਾਲ ਹੀ ਮਨੁੱਖ ਆਪਣੇ ਅੰਦਰਲੇ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੀ ਸੁਚੱਜੀ ਵਰਤੋਂ ਕਰਕੇ 'ਸਚਿਆਰਤਾ' ਭਰਿਆ ਜੀਵਨ ਬਤੀਤ ਕਰ ਸਕਦਾ ਹੈ। ਇਹ ਪੰਜ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਮਨੁੱਖ ਨੂੰ ਕੁੱਦਰਤ ਵਲੋਂ ਦਿੱਤਾ ਗਿਆ ਤੋਂਹਫਾ ਹੈ, ਨਿਆਮੱਤ ਹੈ। ਇਹਨਾਂ ਨੂੰ ਆਪਣੇ ਅੰਦਰੋਂ ਮਾਰਨਾ ਨਹੀ ਹੈ, ਬਲਕਿ ਇਹਨਾਂ ਨੂੰ ਕੰਟਰੋਲ ਕਰਕੇ ਆਪਣੀ ਲੋੜ ਅਤੇ ਸਮੇਂ ਅਨੁਸਾਰੀ ਵਰਤੋਂ ਕਰਨਾ ਹੈ, ਲਾਹਾ ਲੈਣਾ ਹੈ।

**. ਮਨੁੱਖ ਨੇ ਅਕਾਲ-ਪੁਰਖ, ਕਰਤੇ-ਕਰਤਾਰ ਦੀ ਪੂਜਾ ਨਹੀਂ ਕਰਨੀ, ਬਲਕਿ ਸਾਤਵਿੱਕ ਗੁਣਾਂ ਨੂੰ ਅਪਨਾਉਂਣਾ ਕਰਨਾ, ਧਾਰਨ ਕਰਨਾ ਹੈ। ਇਹਨਾਂ ਸਾਤਵਿੱਕ ਗੁਣਾਂ ਦੇ ਅਨੁਸਾਰੀ ਜੀਵਨ ਜਾਪਣ ਕਰਦੇ ਹੋਏ, ਕੁੱਦਰਤ ਨੂੰ ਸਮਝਣਾ ਹੈ, ਕੁੱਦਰਤ ਵਿੱਚ**

ਸਰਬਵਿਆਪੱਕ, ਸਮਾਏ, ਰਚੇ ਬਸੇ. . ਰਾਮ, ਅੱਲਾ, ਵਾਹਿਗੁਰੂ ਜੀ ਨੂੰ ਜਾਨਣਾ ਕਰਨਾ ਹੈ, ਮਹਿਸੂਸ ਕਰਨਾ ਹੈ।

** ਅਕਲ, ਮੱਤ, ਬੁੱਧ, ਗਿਆਨ ਦੀ 'ਸ਼ਾਲੀਨਤਾ ਜਾਂ ਮਲੀਨਤਾ' ਹੀ ਮਨੁੱਖ ਨੂੰ ਦੁੱਖਾਂ-ਸੁੱਖਾਂ ਦੇ ਕੱਪੜੇ ਪਹਿਨਾਉਂਦੀ ਹੈ।

. ਗੁਰਬਾਣੀ ਦੇ ਬੋਲ, ਕਿੰਨ੍ਹੇ ਪਿਆਰੇ ਹਨ।




.'ਗੁਰੂ ਦਾ ਗਿਆਨ', 'ਗੁਰਬਾਣੀ ਗਿਆਨ', 'ਗੁਰਮੱਤ ਗਿਆਨ',

. ਮਨੁੱਖੀ ਜੀਵਨ ਵਿੱਚ ਬੇਹਤਰੀ ਲਈ 'ਗਿਆਨ' ਕਿਤੋਂ ਵੀ ਲਿਆ ਜਾ ਸਕਦਾ ਹੈ।

.’ਗਿਆਨ’ ਨਾਲ ਹੀ ਮਨੁੱਖ ਆਪਣੇ ਆਪ ਬਾਰੇ ‘ਅੰਤਰਮੁੱਖੀ’ ਹੋ ਕੇ ਅਤੇ

ਬਾਹਰ ਦੇ ਦੁਨੀਆਂ ਬਾਰੇ ‘ਬਾਹਰਮੁੱਖੀ’ ਹੋ ਕੇ ਆਪਣੇ ਆਪ ਨੂੰ ਸੇਧ ਦੇ ਸਕਦਾ ਹੈ।

. ਮਾੜੇ ਚੰਗੇ ਦਾ ਫ਼ਰਕ ਜਾਣ ਸਕਦਾ ਹੈ।

. ਬੁਰਿਆਰੀ ਚੰਗਿਆਈ ਬਾਰੇ ਆਪਣਾ ਫੈਸਲਾ ਲੈ ਸਕਦਾ ਹੈ।

. ਕੀ ਮੈਂ ਕਰਨਾ ਹੈ ਅਤੇ ਕੀ ਮੈਂ ਨਹੀਂ ਕਰਨਾ ਬਾਰੇ ਜਾਣ ਸਕਦਾ ਹੈ।

. ਫੈਸਲਾ ਸੱਭ ਮਨੁੱਖਾਂ ਦਾ ਆਪਣਾ ਆਪਣਾ ਹੈ।

.’ਗੁਰਬਾਣੀ’ ਰਾਹ ਦਸੇਰੀ ਹੈ। ਗੁਰੁ ਨੇ ਗਿਆਨ ਦੇਣਾ ਹੈ।

. ਚੱਲਣਾ ਸਾਡਾ ਫ਼ਰਜ਼ ਹੈ, ਕੰਮ ਹੈ।

ਧੰਨਵਾਧ

ਇੰਜ ਦਰਸਨ ਸਿੰਘ ਖਾਲਸਾ

ਸਿੱਡਨੀ ਅਸਟਰੇਲੀਆ

14 ਮਾਰਚ 2020